ਲੈਕਚਰ 4

ਗਰਮ ਦਲ ਦਾ ਕਾਲ

1905 ਤੋਂ 1919 ਈਸਵੀ ਤਕ ਦੇ 15 ਸਾਲਾਂ ਨੂੰ ਰਾਸ਼ਟਰੀ ਅੰਦੋਲਨ ਦੇ ਇਤਿਹਾਸ ਦਾ ਗਰਮ ਦਲੀਆਂ ਦਾ ਕਾਲ ਕਿਹਾ ਜਾਂਦਾ ਹੈ। ਇਸ ਕਾਲ ਵਿੱਚ ਨਰਮ ਦਲ ਦੇਸ਼ ਭਗਤਾਂ ਦਾ ਮਹੱਤਵ ਘੱਟ ਹੋ ਗਿਆ ਸੀ ਅਤੇ ਰਾਜਨੀਤਕ ਖੇਤਰ ਵਿੱਚ ਗਰਮ ਦਲੀਆਂ ਦਾ ਪ੍ਰਭਾਵ ਵਧ ਗਿਆ ਸੀ। ਭਾਰਤੀ ਜਨਤਾ ਵੀ ਗਰਮ ਦਲੀਆਂ ਦੇ ਰਾਜਨੀਤਿਕ ਵਿਚਾਰਾ ਵਿੱਚ ਵਿਸ਼ੇਸ਼ ਰੁਚੀ ਲੈਣ ਲੱਗੀ ਸੀ ਸਿੱਟੇ ਵਜੋਂ ਇਸ ਸਮੇਂ ਵਿੱਚ ਰਾਸ਼ਟਰੀ ਅੰਦੋਲਨ ਦੀ ਵਾਗਡੋਰ ਮੁੱਖ ਰੂਪ ਵਿੱਚ ਲੀਡਰਾਂ ਦੇ ਹੱਥਾਂ ਵਿਚ ਰਹਈ।

ਗਰਮ ਦਲ ਦੇ ਉਭਾਰ ਦੇ ਕਾਰਨ

ਲਗਭਗ ਪਿਛਲੇ 25 ਵਰ੍ਹਿਆਂ ਤੋਂ ਦੇਸ਼ ਦੇ ਅੰਦਰ ਇੱਕ ਅਜਿਹਾ ਮਾਹੌਲ ਬਣ ਰਿਹਾ ਸੀ ਜਿਸ ਦੇ ਕਾਰਨ ਰਾਸ਼ਟਰੀ ਅੰਦੋਲਨ ਦੇ ਅੱਤਵਾਦੀਆਂ ਦਾ ਪ੍ਰਭਾਵ ਹੋਣਾ ਸੁਭਾਵਕ ਹੀ ਸੀ

ਇੰਡੀਅਨ ਨੈਸ਼ਨਲ ਕਾਂਗਰਸ ਦੇ ਮੁੱਢਲੇ ਸਾਲਾਂ ਦੌਰਾਨ ਰਾਸ਼ਟਰੀ ਅੰਦੋਲਨ ਦੀ ਵਾਗਡੋਰ ਨਰਮ ਦਲੀਏ ਦੇਸ਼ ਭਗਤਾਂ ਦੇ ਹੱਥਾਂ ਵਿਚ ਰਹੀ। ਉਨ੍ਹਾਂ ਨੇ ਆਪਣੀ ਨੀਤੀ ਅਤੇ ਪ੍ਰੋਗਰਾਮ ਅਨੁਸਾਰ ਕਾਂਗਰਸ ਦੇ ਇਜਲਾਸ ਨੂੰ ਬਲਾਉਣ ਮਤੇ ਪਾਸ ਕਰਨ ਅਤੇ ਸਮੇਂ-ਸਮੇਂ ਤੇ ਪ੍ਰਤਿਨਿਧ ਮੰਡਲ ਭੇਜਣ ਦਾ ਕੰਮ ਜਾਰੀ ਰੱਖਿਆ ਪਰ ਉਨ੍ਹਾਂ ਨੂੰ ਆਪਣੇ ਯਤਨਾਂ ਦੇ ਬਾਵਜੂਦ ਵੀ ਸਫ਼ਲਤਾ ਨਾ ਮਿਲੀ। ਕਈ ਸਾਲਾਂ ਤੱਕ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਅਤੇ ਜਦੋਂ ਸਾਰਾ 1892 ਈਸਵੀ ਵਿੱਚ indian ਕੌਂ ਸਲ ਐਕਟ ਦੇ ਰੂਪ ਵਿਚ ਕੁਝ ਰਿਆਇਤਾਂ ਦਿੱਤੀਆਂ ਤਾਂ ਉਹ ਏਨੀਆਂ ਹਲਕੀਆਂ ਸਨ ਉਨ੍ਹਾਂ ਨਾਲ ਆਮ ਜਨਤਾ ਦਾ ਸੰਤੋਸ਼ ਹੋਣਾ ਸੰਭਵ ਨਹੀਂ ਸੀ। ਸਿੱਟੇ ਵਜੋਂ ਕਾਂਗਰਸ ਗਲ ਵਿਚ ਇਕ ਅਜਿਹੇ ਧੜੇ ਦਾ ਜਨਮ ਹੋਇਆ ਜਿਸ ਦੇ ਮੈਂਬਰਾਂ ਨੇ ਨਰਮਦਲੀਆਂ ਦੀ ਨੀਤੀ ਅਤੇ ਉਸ ਪ੍ਰਤੀ ਰੋਸ ਪ੍ਰਗਟ ਕੀਤਾ ਅਤੇ ਉਹਨਾਂ ਵਿੱਚ ਤਬਦੀਲੀਆਂ ਦੀ ਲੋੜ ਉੱਪਰ ਜ਼ੋਰ ਦਿੱਤਾ।

ਉਨੀਵੀਂ ਸਦੀ ਦੇ ਪਿਛਲੇ ਅੱਧ ਵਿਚ ਪੱਛਮੀ ਸਿੱਖਿਆ ਦੇਣ ਵਾਲੇ ਸਕੂਲਾਂ ਤੇ ਕਾਲਜਾਂ ਦੀ ਗਿਣਤੀ ਬਹੁਤ ਵੱਧ ਗਈ ਸੀ ਇਨ੍ਹਾਂ ਵਿੱਚ ਅਨੇਕਾਂ ਭਾਰਤੀਆਂ ਨੇ ਸਿੱਖਿਆ ਪ੍ਰਾਪਤ ਕੀਤੀ। ਪੜੇ-ਲਿਖੇ ਭਾਰਤੀਆਂ ਦੀ ਗਿਣਤੀ ਵਧਣ ਨਾਲ ਬੇਕਾਰੀ ਦੀ ਸਮੱਸਿਆ ਪੈਦਾ ਹੋ ਗਈ ਖਾਸ ਕਰਕੇ ਇਸ ਲਈ ਕਿ ਸਰਕਾਰ ਨੇ ਇੱਕ ਪਾਸੇ ਤਾਂ ਭਾਰਤੀਆਂ ਨੂੰ ਉਚੀਆਂ ਪਦਵੀਆਂ ਤੋਂ ਵਾਂਝਾ ਰੱਖਣ ਦੀ ਨੀਤੀ ਨੂੰ ਅਪਣਾਇਆ ਦੂਜੇ ਪਾਸੇ ਭਾਰਤ ਦੀ ਆਰਥਿਕ ਉੱਨਤੀ ਵੱਲ ਲੋੜੀਂਦਾ ਧਿਆਨ ਨਾ ਦਿੱਤਾ। ਸਿੱਟੇ ਵਜੋਂ ਦੇਸ਼ ਵਿਚ ਨਿਰਾਸ਼ਾ ਅਤੇ ਅਸੰਤੋਖ ਫੈਲ ਗਿਆ।

Scanned with CamScanner

19ਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਭਾਰਤੀਆਂ ਨੂੰ ਅਸਧਾਰਨ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਕਾਲ ਤੋਂ ਬਾਅਦ ਪਲੇਗ ਅਤੇ ਪਲੇਗ ਤੋਂ ਬਾਅਦ ਅਕਾਲ ਦਾ ਅਜਿਹਾ ਚਕਰ ਚਲਿਆ ਕਿ ਉਨ੍ਹਾਂ ਦੇ ਦੁੱਖਾਂ ਦੀ ਕੋਈ ਹੱਦ ਨਾ ਰਹੀ। 1897 ਈਸਵੀ ਦੇ ਕਾਲ ਦੇ ਦੌਰਾਨ ਲੱਖਾਂ ਭਾਰਤੀ ਮੌਤ ਦਾ ਸ਼ਿਕਾਰ ਹੋ ਗਏ ਇਸ ਨੇ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ। ਸਰਕਾਰੀ ਰਿਪੋਰਟ ਅਨੁਸਾਰ ਇਸ ਮਹਾਮਾਰੀ ਵਿਚ ਦੋ ਲੱਖ ਵਿਅਕਤੀਆਂ ਦੀ ਮੌਤ ਹੋ ਗਈ। ਇਨ੍ਹਾਂ ਮੁਸੀਬਤਾਂ ਵਿੱਚ ਭਾਰਤੀਆਂ ਨੇ ਜੋ ਵੇਖਿਆ ਸੁਣਿਆ ਉਹ ਦੁਖਦਾਈ ਹੋਣ ਦੇ ਨਾਲ-ਨਾਲ ਲਾਭਦਾ ਏਕ ਵੀ ਸਿੱਧ ਹੋਇਆ ਕਿ ਉਹ ਆਪਣੀਆਂ ਮਜਬੂਰੀਆਂ ਦਾ ਗਿਆਨ ਹੋਇਆ ਉਨ੍ਹਾਂ ਦ ਦਾ ਬ੍ਰਿਟਿਸ਼ ਸਰਕਾਰ ਦੇ ਸ਼ਾਸਨ ਤੋਂਵਿਸ਼ਵਾਸ ਜਾਂਦਾ ਰਿਹਾ।

ਦੱਖਣੀ ਅਫ਼ਰੀਕਾ ਵਿਚ ਰਹਿਣ ਵਾਲੇ ਭਾਰਤੀਆਂ ਦੀ ਅਰਥਇਕ ਵਿਵਸਥਾ ਬਹੁਤ ਚਿੰਤਾਜਨਕ ਸਥਿਤੀ ਕਾਰਨ ਉਨ੍ਹਾਂ ਨੂੰ ਨਫਰਤ ਦੀ ਨਜਰ ਨਾਲ ਦੇਖਿਆ ਜਾਂਦਾ ਸੀ ਅਤੇ ਉਨ੍ਹਾਂ ਨਾਲ ਬੁਰਾ ਵਿਵਹਾਰ ਕੀਤਾ ਜਾਂਦਾ ਸੀ। ਇਸ ਦੇ ਇਲਾਵਾ ਉਨ੍ਹਾਂ ਉੱਤੇ ਕਈ ਕਿਸਮਾਂ ਦੀਆਂ ਬੰਦਸਾਂ ਵੀ ਲੱਗੀਆਂ ਹੋਈਆਂ ਸਨ ਜਿਹੜੀਆਂ ਬਿਲਕੁਲ ਗਲਤ ਸਨ ਅਮਰੀਕਾ ਵਿੱਚ ਭਾਰਤੀਆਂ ਨੇ ਆਪਣੇ ਨਾਂ ਉੱਤੇ ਜ਼ਮੀਨ ਨਹੀਂ ਖਰੀਦ ਸਕਦੇ ਸਨ। ਉਨ੍ਹਾਂ ਨੂੰ ਸ਼ਹਿਰ ਦੇ ਕੁਝ ਹਿੱਸਿਆਂ ਵਿੱਚ ਮਕਾਨ ਬਣਾਉਣ ਦਾ ਅਧਿਕਾਰ ਨਹੀਂ ਸੀ ਉਨ੍ਹਾਂ ਦੇ ਬੱਚੇ ਚੰਗੇ ਸਕੂਲਾਂ ਵਿੱਚ ਸਿੱਖਿਆ ਨਹੀਂ ਲੈ ਸਕਦੇ ਸਨ ਇਥੋਂ ਤੱਕ ਕਿ ਉਨ੍ਹਾਂ ਨੂੰ ਸੜਕਾਂ ਦੀਆਂ ਪਟੜੀਆਂ ਉੱਤੇ ਚੱਲਣ ਦਾ ਅਧਿਕਾਰ ਨਹੀਂ ਸੀ। ਰਜਿਸਟ੍ਰੇਸ਼ਨ ਐਕਟ ਨੇ ਤਾਂ ਉਨ੍ਹਾਂ ਦਾ ਜੀਵਨ ਬਿਲਕੁਲ ਬੇਕਾਰ ਕਰ ਦਿੱਤਾ ਦੇਸ਼ ਤੋਂ ਬਾਹਰ ਰਹਿਣ ਵਾਲੇ ਭਾਰਤੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ ਜਿਸ ਕਰਕੇ ਆਪਣੇ ਦੇਸ਼ ਵਾਸੀਆਂ ਦੀ ਇਸ ਦੁਰਦਸ਼ਾ ਨੂੰ ਵੇਖ ਕੇ ਭਾਰਤੀਆਂ ਵਿੱਚ ਬ੍ਰਿਟਿਸ਼ ਰਾਜ ਦੇ ਖਿਲਾਫ ਭਾਵਨਾਵਾਂ ਪੈਦਾ ਹੋਣ ਲੱਗੀਆਂ।

ਪੱਛਮ ਦੇ ਇਨਕਲਾਬੀ ਸੰਤਾਂ ਨੇ ਵੀ ਅੱਤਵਾਦੀ ਅੰਦੋਲਨ ਦੀ ਉਤਪਤੀ ਤੇ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਦਿੱਤਾ ਅਮਰੀਕਾ ਇਟਲੀ ਜਰਮਨੀ ਆਦਿ ਦੇਸ਼ਾਂ ਵਿਚ ਚੱਲਣ ਵਾਲੇ ਅੰਦੋਲਨ ਨੇ ਭਾਰਤੀਆਂ ਨੂੰ ਇਹ ਦਰਸਾਇਆ ਗਿਆ ਹੈ ਕੇਵਲ ਧਾਰਮਿਕ ਸਾਧਨਾਂ ਰਾਹੀਂ ਆਜ਼ਾਦੀ ਪ੍ਰਾਪਤ ਨਹੀਂ ਕੀਤੀ ਜਾ ਸਕਦਈ ।

ਬਾਲ ਪਾਲ ਲਾਲ ਦੀ ਯੋਗ ਅਗਵਾਈ ਨੇ ਵੀ ਅੱਤਵਾਦੀ ਅੰਦੋਲਨ ਦੇ ਉਭਾਰ ਵਿੱਚ ਮਦਦ ਕੀਤੀ ਹੈ । ਮਹਾਰਾਸ਼ਟਰ ਦੇ ਸੱਚੇ ਦੇਸ਼ ਭਗਤ ਬਾਲ ਗੰਗਾਧਰ ਤਿਲਕ ਨਰਮ ਦਲੀਆਂ ਵਾਂਗੂੰ ਅੰਗਰੇਜ਼ੀ ਰਾਜ ਨੂੰ ਭਾਰਤ ਲਈ ਵਰਦਾਨ ਨਹੀਂ ਮੰਨਦੇ ਸਨ ਅਤੇ ਨਾ ਹੀ ਸਰਕਾਰ ਦੇ ਸਾਹਮਣੇ ਆਉਣ ਦੀ ਨੀਤੀ ਦੇ ਪੱਖੀ ਸਨ। ਲੋਕਮਾਨਿਏ ਤੀਲਕ ਦਾ ਇਹ ਵਿਸ਼ਵਾਸ ਸੀ ਕਿ ਭਾਰਤੀਆਂ ਨੂੰ ਸਰਕਾਰ ਦੇ ਅਤਿਆਚਾਰਾਂ ਦਾ ਸਾਹਮਣਾ ਸ਼ਕਤੀ ਅਤੇ ਉਤਸ਼ਾਹ ਨਾਲ ਕਰਨਾ ਚਾਹੀਦਾ ਹੈ ।

ਲੋਕਮਾਨਯ ਤਿਲਕ ਵਾਂਗ ਉਨ੍ਹਾਂ ਦੇ ਪ੍ਰਸਿੱਧ ਸਾਥੀ ਲਾਲਾ ਲਾਜਪਤ ਰਾਏ ਅਤੇ ਵਿਪਨ ਚੰਦਰ ਪਾਲ ਨੇ ਵੀ ਅੱਤਵਾਦੀ ਅੰਦੋਲਨ ਦੇ ਲਈ ਸੇਵਾਵਾ ਕਿਤੀਆਂ ਉਨ੍ਹਾਂ ਨੇ ਆਪਣੇ ਲੇਖਾਂ ਰਾਂਹੀ ਨਰਮ ਦਲੀਆਂ ਦੀ ਨੀਤੀ ਦਾ ਖੰਡਨ ਕੀਤਾ ਅਤੇ ਭਾਰਤੀਆਂ ਨੂੰ ਆਤਮ ਵਿਸ਼ਵਾਸ ਨਾਲ ਸਰਕਾਰ ਦਾ ਵਿਰੋਧ ਕਰਨਾ ਸਿਖਾਇਆ।

1895 ਤੋਂ 1905 ਤਕ ਲਾਰਡ ਕਰਜ਼ਨ ਭਾਰਤ ਦਾ ਵਾਇਸਰਾਏ ਰਿਹਾ ਉਸ ਨੇ ਭਾਰਤੀਆਂ ਦੀਆਂ ਭਾਵਨਾਵਾਂ ਦੀ ਰਤਾ ਵੀ ਪਰਵਾਹ ਨਾ ਕੀਤੀ ਨਾ ਹੀ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਦਾ ਯਤਨ ਕੀਤਾ ਹੈ ਭਾਰਤੀਆਂ ਦਾ ਅਪਮਾਨ ਕਰਦਾ ਰਿਹਾ। ਉ1904 ਵਿਚ ਉਸ ਨੇ ਐਲਾਨ ਕੀਤਾ ਕਿ ਸਿਵਲ ਸਰਵਿਸ ਦੀਆਂ ਉੱਚੀਆਂ ਪਦਵੀਆਂ ਸਿਰਫ ਯੋਰਪਆ ਨੂੰ ਹੀ ਮੀਲਣੀਆਂ ਚਾਹੀਦੀਆਂ ਹਨ । ਕਿਉਂਕਿ ਉਹ ਭਾਰਤੀਆਂ ਨਾਲੋਂ ਵਧੇਰੇ ਸਰੇਸਠ ਹਨ। ਉਸ ਨੇ ਭਾਰਤੀਆਂ ਨੂੰ ਝੂਠੇ ਅਤੇ ਬੇਈਮਾਨ ਵੀ ਕਿਹਾ ਉਸਨੇ ਜਿਵੇਂ ਕਿ ਜਿਵੇਂ ਕੇ ਕਲਕੱਤਾ ਕਾਰਪੋਰੇਸ਼ਨ ਐਕਟ ਆਫੀਸ਼ਲ ਸੀਕਰਟ ਐਕਟ indian university act ਅਤੇ ਬੰਗਾਲ ਦੀ ਵੰਡ ਆਦਿ ਦੇ ਰੂਪ ਵਿੱਚ ਕਈ ਅਜਿਹੇ ਕਦਮ ਚੁੱਕੇ ਜਿੰਨ੍ਹਾਂ ਦਾ ਆਮ ਭਾਰਤੀ ਏਕਤਾ ਨੂੰ ਕਮਜ਼ੋਰ ਕਰਨਾ ਸੀ। ਅੰਗਰੇਜ਼ ਸਰਕਾਰ ਦੇ ਇਨ੍ਹਾਂ ਕੰਮਾਂ ਨੇ ਬਲਦੀ ਹੋਈ ਅੱਗ ਤੇ ਤੇਲ ਦਾ ਕੰਮ ਕੀਤਾ।

ਉਪਰੋਕਤ ਕਾਰਨਾਂ ਦੇ ਸਿੱਟੇ ਵਜੋਂ ਭਾਰਤੀ ਰਾਜਨੀਤਕ ਖੇਤਰ ਵਿੱਚ ਜੋ ਚੰਗਾੜੀ ਬਲ ਰਹੀ ਸੀ ਨੇ ਉਸ ਨੇ ਇਸਨੂੰ ਭਾਂਬੜ ਦੇ ਰੂਪ ਵਿੱਚ ਬਦਲ ਦਿੱਤਆ। ਬੰਗਾਲ ਵੰਡ ਦੇ ਸਬੰਧ ਵਿਚ ਸਰਕਾਰ ਦਾ ਆਖਰੀ ਫੈਸਲਾ ਸੁਣਦਿਆਂ ਹੀ ਸਾਰੇ ਸੂਬੇ ਵਿਚ ਮਾਤਮ ਛਾ ਗਿਆ ਉਥੇ ਰਹਿਣ ਵਾਲਿਆਂ ਨੇ ਇਸ ਨੂੰ ਏਕਤਾ ਤੇ ਬਹੁਤ ਵੱਡਾ ਹਮਲਾ ਸਮਝਿਆ ਅਤੇ ਗਰਮ ਦਲੀਏ ਇਸ ਸੰਕਟ ਦਾ ਸਾਹਮਣਾ ਕਰਨ ਲਈ ਰਾਜਨੀਤਕ ਖੇਤਰ ਵਿੱਚ ਇੱਕ ਦਮ ਕੁੱਦ ਪਏ ਅਤੇ ਬੰਗਾਲ ਵੰਡ ਵਿਰੁੱਧ ਵਿਰੋਧ ਸ਼ੁਰੂ ਹੋ ਗਏ । ਵਿਦਿਆਰਥੀਆਂ ਵਿਚ ਨਵਾਂ ਜੋਸ਼ ਅਤੇ ਉਤਸ਼ਾਹ ਪੈਦਾ ਹੋ ਗਿਆ ਹੜਤਾਲਾਂ ਅਤੇ ਮੁਜਾਹਰੇ ਕਰਕੇ ਕੌਮੀ ਗੁੱਸੇ ਦਾ ਪ੍ਰਗਟਾਵਾ ਕਿੱਤਾ ਸਰਕਾਰ ਉੱਤੇ ਦਬਾਅ ਪਾਉਣ ਲਈ ਵਿਦੇਸ਼ੀ ਵਸਤਾਂ ਦਾ ਬਾਈਕਾਟ ਕੀਤਾ ਗਿਆ ਅਤੇ ਇਸ ਦਾ ਪ੍ਰਚਾਰ ਬੜੇ ਜ਼ੋਰ-ਸ਼ੋਰ ਨਾਲ ਹੋਣ ਲੱਗਾ।

Scanned with CamScanner

## ਕਾਂਗਰਸ ਵਿੱਚ ਫੁੱਟ

ਭਾਰਤੀ ਰਾਜਨੀਤੀ ਵਿਚ ਅੱਤ ਵਾਦੀ ਵਿਚਾਰਾਂ ਦੇ ਪ੍ਰਸਾਰ ਨਾਲ ਕਾਂਗਰਸ ਪਾਰਟੀ ਦੇ ਸੰਗਠਨ ਅਤੇ ਬਹੁਤ ਵੱਡਾ ਅਸਰ ਹੋਇਆ ।1905 ਵਿੱਚ ਜਦੋਂ ਸਲਾਨਾ ਇਜਲਾਸ ਬਨਾਰਸ ਵਿੱਚ ਹੋਇਆ ਤਾਂ ਉਸ ਸਮੇਂ ਲੋਕਮਾਨਿਆ ਤਿਲਕ ਅਤੇ ਉਸਦੇ ਕੁੱਝ ਸਾਥੀਆਂ ਨੇ ਨਰਮਦਲਿਆਂ ਦੀ ਆਲੋਚਨਾ ਕੀਤੀ ਅਤੇ ਨਵੀਂ ਨੀਤੀ ਨੂੰ ਅਪਣਾਉਣਾ ਉੱਤੇ ਜ਼ੋਰ ਦਿੱਤਾ। ਅਰਵਿੰਦ ਦੇ ਸ਼ਬਦਾਂ ਵਿੱਚ ਇਸ ਨਵੀਂ ਨੀਤੀ ਦਾ ਸਾਰ ਇਹ ਸੀ ਕਿ ਸਰਕਾਰ ਨੂੰ ਉਸ ਸਮੇਂ ਤੱਕ ਸਹਿਯੋਗ ਨਾ ਦਿੱਤਾ ਜਾਵੇ ਜੱਦ ਤੱਕ ਉਹ ਭਾਰਤੀਆਂ ਨੂੰ ਪ੍ਰਬੰਧਕੀ ਖੇਤਰ ਵਿੱਚ ਵਧੇਰੇ ਅਧਿਕਾਰ ਨਾ ਦੇਵੇ ਵਿਦੇਸ਼ੀ ਚੀਜ਼ਾਂ ਦਾ ਬਾਈਕਾਟ ਕੀਤਾ ਜਾਵੇ ਸਵਦੇਸੀ ਦੇ ਪੱਖ ਵਿੱਚ ਅੰਦੋਲਨ ਚਲਾ ਜਾਵੇ ਪਰ ਨਰਮ ਦਲੀਏ ਲੀਡਰਾਂ ਨੇ ਇਸ ਨੀਤੀ ਦੀ ਪ੍ਰੋੜਤਾ ਨਾ ਕੀਤੀ । ਉਨ੍ਹਾਂ ਦਾ ਵਿਚਾਰ ਸੀ ਕਿ ਇਸ ਨੂੰ ਬਣਾਉਣ ਨਾਲ ਭਾਰਤ ਦੇ ਸਥਾਨਕ ਉਨਤੀ ਰੁਕ ਜਾਵੇਗੀ।

ਭਾਵੇਂ ਨਰਮ ਦਲੀਏ ਦੀਆਂ ਦਲੀਲਾਂ ਬਹੁਤ ਮਜਬੂਤ ਸਨ ਫਿਰ ਵੀ ਉਹ ਦੇ ਸਾਥੀਆਂ ਨੂੰ ਸੰਤੁਸ਼ਟ ਨਾ ਕਰਿਆ ਜਾ ਸਕਿਆ ਇਸਦਾ ਕਾਰਣ ਇਹ ਸੀ ਕਿ ਅੱਤਵਾਦੀ ਪ੍ਰਚਾਰ ਨੇ ਉਨ੍ਹਾਂ ਨੂੰ ਬਦਲ ਦਿੱਤਾ ਸੀ ਕਾਂਗਰਸ ਪਾਰਟੀ ਦੇ ਦੋ ਧੜੇ ਬਣ ਗਏ ਅਤੇ ਉਨ੍ਹਾਂ ਦੇ ਵਿੱਚੋ ਅਤੇ ਉਨ੍ਹਾਂ ਦੀ ਕਾਰਜਸਾਧਕ ਕਮੇਟੀ ਵਿਚੋਂ ਪਹਿਲੇ ਮਤੇ ਉੱਤੇ ਹੀ ਬਹੁਤ ਭਾਰੀ ਟੱਕਰ ਹੋਈ ਇਸ ਰਾਹੀਂ ਨਰਮਦਲੀ ਲੀਡਰ ਪ੍ਰਿੰਸ ਆਫ ਵੇਲਜ਼ ਦੇ ਭਾਰਤ ਵਿੱਚ ਆਉਣ ਤੇ ਸਵਾਗਤ ਕਰਨਾ ਚਾਹੁੰਦੇ ਸਨ ਜਦੋਂ ਕਿ ਗਰਮ ਦਲੀਆਂ ਦਾ ਵਿਚਾਰ ਇਸ ਦੇ ਖਿਲਾਫ ਸੀ। ਲਾਲਾ ਲਾਜਪਤ ਰਾਏ ਦਾ ਕਹਿਣਾ ਸੀ ਕਿ ਦੇਸ਼ ਵਿਚ ਘੋਰ ਕਾਲ ਪਿਆ ਹੋਇਆ ਹੈ ਲੋਕ ਭੁੱਖ ਨਾਲ ਮਰ ਰਹੇ ਹਨ ਇਸ ਸਮੇਂ ਸਮੇਂ ਪ੍ਰਿੰਸ ਆਫ ਵੇਲਜ਼ ਨੂੰ ਬੁਲਾਉਣਾ ਕਿਥੋਂ ਤਕ ਸਹੀ ਹੈ । ਇਸਦੇ ਇਲਾਵਾ ਲਾਰਡ ਕਰਜਨ ਦੀਆਂ ਕਾਰਵਾਈਆਂ ਨਾਲ ਦੇਸ਼ ਵਿੱਚ ਬਹੁਤ ਅਸੰਤੋਖ ਫੈਲਿਆ ਹੋਇਆ ਹੈ ਭਾਵੇਂ ਨਰਮਦਲੀਆ ਨੂੰ ਇਸ ਮਤੇ ਨੂੰ ਪਾਸ ਕਰਨ ਵਿੱਚ ਸਫਲਤਾ ਮਿਲ ਗਈ ਪਰ ਇਸ ਸਬੰਧੀ ਬਹਿਸ ਨੇ ਇਹ ਸਪਸ਼ਟ ਕਰ ਦਿੱਤਾ ਕਿ ਕਾਂਗਰਸ ਪਾਰਟੀ ਦੇ ਵਿਚ ਦੋ ਧੜੇ ਬਣ ਚੁੱਕੇ ਹਨ। ਨਰਮ ਦਲੀਆ ਦੇ ਖਿਲਾਫ ਬੋਲਣ ਵਾਲੇ ਨੌਜਵਾਨਾਂ ਨੂੰ ਲੋਕ ਮਾਨਿਆ ਤਿਲਕ ਨੇ ਕਾਂਗਰਸ ਇਜਲਾਸ ਦੇ ਸਮਾਪਤ ਹੋਣ ਤੋਂ ਬਾਅਦ ਸੰਬੋਧਤ ਕੀਤਾ ਅਤੇ ਇਸ ਤਰਾਂ ਗਰਮ ਦਲ ਦੀ ਸਥਾਪਨਾ ਹੋਈ।

## ਕਲਕੱਤੇ ਦਾ ਇਜਲਾਸ

1905 ਈਸਵੀ ਦੇ ਇਜਲਾਸ ਤੋਂ ਬਾਅਦ ਗਰਮ ਅਤੇ ਨਰਮ ਦਲ ਦੇ ਆਪਸੀ ਮਤਭੇਦ ਬਹੁਤ ਤੇਜ਼ੀ ਨਾਲ ਵਧੇ ਆਉਂਦੇ ਸਾਲ ਦੋਹਾਂ ਪੱਖਾਂ ਨੇ ਆਪਣੇ-ਆਪਣੇ ਪ੍ਰੋਗਰਾਮ ਦਾ ਖੂਬ ਪ੍ਰਚਾਰ ਕੀਤਾ ਅਤੇ ਆਪਣੀ ਸ਼ਕਤੀ ਨੂੰ ਮਜਬੂਤ ਕਰਨ ਦੇ ਯਤਨ ਕੀਤੇ ਉਨ੍ਹਾਂ ਨੇ ਇੱਕ ਦੂਸਰੇ ਦੀ ਨੀਤੀ ਦੀ ਆਲੋਚਨਾ ਕਰਨ ਵਿਚ ਕਸਰ ਨਾ ਛੱਡੀ । ਸਿੱਟੇ ਵਜੋਂ 1907 ਈ ਵਿਚ ਜਦੋਂ ਸਲਾਨਾ ਇਜਲਾਸ ਕਲਕੱਤੇ ਦੇ ਸਥਾਨ ਤੇ ਹੋਇਆ ਤਾਂ ਦੋਹਾਂ ਧੜਿਆਂ ਵਿੱਚ ਬਹੁਤ ਗਰਮਜੋਸ਼ੀ ਸੀ ਇਸ ਸਥਿਤੀ ਦਾ ਸਾਹਮਣਾ ਕਰਨ ਲਈ ਨਰਮ ਦਲੀਆਂ ਨੇ ਬਹੁਤ ਚਲਾਕੀ ਤੋਂ ਕੰਮ ਲਿਆ ਅਤੇ ਇੰਗਲੈਂਡ ਤੋਂ ਦਾਦਾ ਭਾਈ ਨਾਰੋਂਜੀ ਨੂੰ ਸਭਾਪਤੀ ਬਣਾਉਣ ਲਈ ਬੁਲਾਇਆ ਗਿਆ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਦਾਦਾ ਭਾਈ ਨਾਰੋਂਜੀ ਦਾ ਗਰਮ ਦਲੀਏ ਵੀ ਸਵਾਗਤ ਕਰਨਗੇ ਇਸ ਵਿਚ ਨਰਮ ਦਲੀਆਂ ਦੀ ਪ੍ਰਧਾਨਗੀ ਦੇ ਸਵਾਲ ਉੱਤੇ ਜਿੱਤ ਹੋਈ। ਭਾਵ ਦਾਦਾ ਜੀ ਦੀ ਪ੍ਰਧਾਨਗੀ ਦੇ ਸਦਕਾ ਕਾਂਗਰਸ ਫੁੱਟ ਤੋਂ ਬਚ ਗਈ ਪਰ ਫਿਰ ਵੀ ਰਾਜਨੀਤਿਕ ਸੋਚ ਰੱਖਣ ਵਾਲਿਆਂ ਪਾਸੋਂ ਇਨ੍ਹਾਂ ਦੋਹਾਂ ਧੜਿਆਂ ਦੇ ਮੱਤ ਭੇਦ ਛੁਪੇ ਨਾ ਰਹਿ ਸਕੇ।

## ਸੂਰਤ ਦੀ ਫੂਟ

1907 ਵਿੱਚ ਕਾਂਗਰਸ ਦਾ ਇਜਲਾਸ ਸੂਰਤ ਦੇ ਸਥਾਨ ਤੇ ਹੋਇਆ ਪਹਿਲਾਂ ਵਾਂਗੂ ਇਸ ਵਿੱਚ ਪ੍ਰਧਾਨ ਦੇ ਸਵਾਲ ਅਤੇ ਉਨ੍ਹਾਂ ਦੇ ਵਿਚਕਾਰ ਖਿੱਚ-ਧੂਹ ਹੋ ਗਈ । ਗਰਮ ਦਲ ਵਾਲੇ ਸਰਕਾਰ ਦੀ ਨੀਤੀ ਦੇ ਵਿਰੁੱਧ ਲਾਲਾ ਲਾਜਪਤ ਰਾਏ ਨੂੰ ਇਲਾਜ ਦਾ ਪ੍ਰਧਾਨ ਬਣਾਉਣਾ ਚਾਹੁੰਦੇ ਸਨ ਜਦੋਂ ਨਰਮ ਦਲੀਏ ਰਾਸ ਬਿਹਾਰੀ ਬੋਸ ਨੂੰ ਇਸ ਅਹੁਦੇ ਉੱਤੇ ਲਾਉਣਾ ਚਾਹੁੰਦੇ ਸਨ । ਲਾਲਾ ਲਾਜਪਤ ਰਾਏ ਨੇ ਪ੍ਰਧਾਨਗੀ ਦੀ ਜ਼ਰਾ ਜਿੰਨੀ ਵੀ ਪਰਵਾਹ ਨਾ ਕਰਦਿਆਂ ਆਪਣਾ ਨਾਂ ਵਾਪਸ ਲੈ ਲਿਆ ਅਤੇ ਸਥਿਤੀ ਨੂੰ ਸੰਭਾਲਿਆ। ਡਾਕਟਰ ਰਾਸ ਬਿਹਾਰੀ ਬੋਸ ਇਸ ਇਜਲਾਸ ਦੇ ਪ੍ਰਧਾਨ ਬਣੇ ਆਪਣੇ ਇਸ ਸਫ਼ਲਤਾ ਦੇ ਪਿੱਛੋਂ ਗਰਮਦਲੀਆਂ ਨੇ ਆਪਣੀ ਮਰਜੀ ਦੇ ਮਤੇ ਇਸ ਇਜਲਾਸ ਵਿਚ ਪਾਸ ਕਰਵਾਏ ਅਤੇ ਗਰਮ ਦਲੀਆਂ ਨੂੰ ਇਕ ਪਾਸੇ ਕਰ ਦਿੱਤਾ। ਸੂਰਤ ਇਜਲਾਸ ਦੇ ਬਾਅਦ ਜਦ ਨਰਮ ਦਲੀਆਂ ਦਾ ਕਾਂਗਰਸ ਉੱਤੇ ਅਧਿਕਾਰ ਹੋ ਗਿਆ ਤਾਂ ਉਨ੍ਹਾਂ ਨੇ ਗਰਮ ਦਲੀਆਂ ਨੂੰ ਇਸ ਤੋਂ ਬਾਹਰ ਰੱਖਣ ਦੀ ਕੋਸ਼ਿਸ਼ ਕੀਤੀ ਉਨ੍ਹਾਂ ਨੇ ਮਦਰਾਸ ਇਜਲਾਸ ਵਿੱਚ ਕਾਂਗਰਸ ਨ ਗਰਮ ਦਲੀਆਂ ਨੂੰ ਕਾਂਗਰਸ ਤੋਂ ਅਲੱਗ ਕਰ ਦਿੱਤਾ। ਅਜਿਹਾ ਹੋਣ ਨਾਲ ਕਾਂਗਰਸ ਇੱਕ ਰਾਸ਼ਟਰੀ ਸੰਸਥਾ ਦੀ ਥਾਂ ਤੇ ਇੱਕ ਛੋਟੀ ਰਾਜਨੀਤਕ ਪਾਰਟੀ ਬਣ ਕੇ ਰਹਿ ਗਈ ਇਸ ਵਿੱਚ ਸ਼ਾਮਲ ਹੋਣ ਵਾਲੇ ਪ੍ਰਤੀਨਿਧਾਂ ਦੀ ਗਿਣਤੀ ਬਹੁਤ ਘਟ ਗਈ ਅਤੇ ਇਸ ਦਾ ਮਹੱਤਵ ਵੀ ਘੱਟ ਗਿਆ।

Scanned with CamScanner